# ਵਿਸਰਾਮ ਚਿੰਨ੍ਹ

1. ਅੱਛਾ ਕਾਕਿਉ ਹੁਣ ਆਪਣੇ ਆਪਣੇ ਘਰਾਂ ਨੂੰ ਜਾਓ ਕੱਲ੍ਹ ਫਿਰ ਕਹਾਣੀ ਸੁਣਨ ਲਈ ਆ ਜਾਣਾ ਸਾਈ ਬਾਬੇ ਨੇ ਮੁੰਡਿਆਂ ਨੂੰ ਪਿਆਰ ਨਾਲ ਆਖਿਆ
"ਅੱਛਾ ਕਾਕਿਉ,ਹੁਣ ਆਪਣੇ-ਆਪਣੇ ਘਰਾਂ ਨੂੰ ਜਾਓ, ਕੱਲ੍ਹ ਫਿਰ ਕਹਾਣੀ ਸੁਣਨ ਲਈ ਆ ਜਾਣਾ।"ਸਾਈ ਬਾਬੇ ਨੇ ਮੁੰਡਿਆਂ ਨੂੰ ਪਿਆਰ ਨਾਲ ਅਖਿਆ ।

2.ਬਰਫ਼ੀ ਰਸਗੁੱਲਾ ਗੁਲਾਬ ਜਾਮਨ ਕੁਝ ਤਾਂ ਲਓ
ਬਰਫ਼ੀ,ਰਸਗੁੱਲਾ,ਗੁਲਾਬ-ਜਾਮਨ,ਕੁਝ ਤਾਂ ਲਓ ।

3.ਨਸ਼ੇ ਜੀਵਨ ਨੂੰ ਤਬਾਹ ਕਰ ਦਿੰਦੇ ਹਨ ਅਧਿਆਪਕ ਨੇ ਵਿਦਿਆਰਥੀਆਂ ਨੂੰ ਕਿਹਾ
"ਨਸ਼ੇ ਜੀਵਨ ਨੂੰ ਤਬਾਹ ਕਰ ਦਿੰਦੇ ਹਨ।"ਅਧਿਆਪਕ ਨੇ ਵਿਦਿਆਰਥੀਆਂ ਨੂੰ ਕਿਹਾ ।

4.ਖ਼ਬਰਦਾਰ ਜੇ ਮੇਰੀ ਗੇਂਦ ਨੂੰ ਹੱਥ ਲਾਇਆ ਜੀਤੀ ਨੇ ਕੜਕ ਕੇ ਆਖਿਆ
"ਖ਼ਬਰਦਾਰ! ਜੇ ਮੇਰੀ ਗੇਂਦ ਨੂੰ ਹੱਥ ਲਾਇਆ।"ਜੀਤੀ ਨੇ ਕੜਕ ਕੇ ਆਖਿਆ ।

5.ਮਾਸਟਰ ਜੀ ਨੇ ਕਿਹਾ ਆਪਣੀ ਮਾਂ ਦੀ ਸੇਵਾ ਕਰੋ ਉਸ ਦੇ ਵਿਹੜੇ ਦੀ ਰੌਣਕ ਬਣੋ ਮਾਂਵਾਂ ਨੇ ਸਦਾ ਨਹੀਂ ਰਹਿਣਾ
ਮਾਸਟਰ ਜੀ ਨੇ ਕਿਹਾ, "ਆਪਣੀ ਮਾਂ ਦੀ ਸੇਵਾ ਕਰੋ,ਉਸ ਦੇ ਵਿਹੜੇ ਦੀ ਰੌਣਕ ਬਣੋ,ਮਾਂਵਾਂ ਨੇ ਸਦਾ ਨਹੀਂ ਰਹਿਣਾ ।"

6.ਬਈ ਵਾਹ ਕਮਾਲ ਕਰ ਦਿਤਾ ਏ ਬਹਾਦਰ ਕੁੜੀ ਨੇ ਲੰਘਦੇ ਬੁੱਢੇ ਨੇ ਖੁਸ਼ ਹੋ ਕੇ ਕਿਹਾ
"ਬਈ ਵਾਹ! ਕਮਾਲ ਕਰ ਦਿਤਾ ਏ ਬਹਾਦਰ ਕੁੜੀ ਨੇ।" ਲੰਘਦੇ ਬੁੱਢੇ ਨੇ ਖੁਸ਼ ਹੋ ਕੇ ਕਿਹਾ ।

7.ਤੁਸੀਂ ਫਿਕਰ ਨਾ ਕਰੋ ਬਾਪੂ ਜੀ ਮੈਂ ਪੜ੍ਹਾਈ ਦੇ ਨਾਲ ਖੇਤੀ ਦਾ ਕੰਮ ਵੀ ਕਰਾਂਗਾ
"ਤੁਸੀਂ ਫ਼ਿਕਰ ਨਾ ਕਰੋ ਬਾਪੂ ਜੀ, ਮੈਂ ਪੜ੍ਹਾਈ ਦੇ ਨਾਲ ਖੇਤੀ ਦਾ ਕੰਮ ਵੀ ਕਰਾਂਗਾ ।"

8.ਮੁੱਖ ਅਧਿਆਪਕ ਜੀ ਨੇ ਕਿਹਾ ਮੈਂ ਹਮੇਸ਼ਾਂ ਮਿਹਨਤੀ ਅਤੇ ਲਗਨ ਵਾਲੇ ਵਿਦਿਆਰਥੀਆਂ ਦੀ ਕਦਰ ਕਰਦਾ ਹਾਂ
ਮੁੱਖ ਅਧਿਆਪਕ ਜੀ ਨੇ ਕਿਹਾ, "ਮੈਂ ਹਮੇਸ਼ਾਂ ਮਿਹਨਤੀ ਅਤੇ ਲਗਨ ਵਾਲੇ ਵਿਦਿਆਰਥੀਆਂ ਦੀ ਕਦਰ ਕਰਦਾ ਹਾਂ।"

9.ਬਈ ਵਾਹ ਤੂੰ ਕਮਾਲ ਕਰ ਦਿਤਾ ਏ ਜਮਾਤ ਵਿੱਚੋਂ ਅੱਵਲ ਆ ਕੇ
"ਬਈ ਵਾਹ ! ਤੂੰ ਕਮਾਲ ਕਰ ਦਿਤਾ ਏ, ਜਮਾਤ ਵਿੱਚੋਂ ਅੱਵਲ ਆ ਕੇ।"

10.ਬਹੁਤ ਅੱਛੇ ਬੇਟਾ ਸਾਰਾ ਸਕੂਲ ਸ਼ੀਸ਼ੇ ਵਾਂਗ ਲਿਸ਼ਕਾ ਦਿਓ
"ਬਹੁਤ ਅੱਛੇ ! ਬੇਟਾ, ਸਾਰਾ ਸਕੂਲ ਸ਼ੀਸ਼ੇ ਵਾਂਗ ਲਿਸ਼ਕਾ ਦਿਓ।"

11.ਵਿਦਿਆਰਥੀਓ ਨਕਲ ਦੀ ਥਾਂ ਸਦਾ ਅਕਲ ਦੀ ਵਰਤੋਂ ਕਰੋ ਅਧਿਆਪਕ ਨੇ ਕਿਹਾ
" ਵਿਦਿਆਰਥੀਓ, ਨਕਲ ਦੀ ਥਾਂ ਸਦਾ ਅਕਲ ਦੀ ਵਰਤੋਂ ਕਰੋ।"ਅਧਿਆਪਕ ਨੇ ਕਿਹਾ ।

12.ਟਿਕਟ ਕਿਸ ਨੇ ਲੈਣੀ ਹੈ ਕੰਡਕਟਰ ਨੇ ਕਿਹਾ ਵੇ ਭਾਈ ਮੈਨੂੰ ਟਿਕਟ ਦੇ ਜਾ ਬੁੱਢੀ ਨੇ ਕਿਹਾ
"ਟਿਕਟ ਕਿਸ ਨੇ ਲੈਣੀ ਹੈ ?"ਕੰਡਕਟਰ ਨੇ ਕਿਹਾ। "ਵੇ ਭਾਈ, ਮੈਨੂੰ ਟਿਕਟ ਜਾ।"ਬੁੱਢੀ ਨੇ ਕਿਹਾ।

13. ਮੈਂ ਮੰਗਤੇ ਨੂੰ ਕਿਹਾ ਜਾਹ ਭਾਈ ਐਵੇਂ ਕੰਨ ਨਾ ਖਾਹ ਕੁੱਝ ਹੱਥੀਂ ਕਰਿਆ ਕਰ
ਮੈਂ ਮੰਗਤੇ ਨੂੰ ਕਿਹਾ, "ਜਾਹ ਭਾਈ ਜਾਹ, ਐਵੇਂ ਕੰਨ ਨਾ ਖਾਹ ।ਕੁੱਝ ਹੱਥੀਂ ਕਰਿਆ ਕਰ।"

14. ਹਾਏ ਬਾਪੂ ਜੀ ਕੰਡਾ ਚੁਭਦਿਆਂ ਹੀ ਹਰਮੀਤ ਨੇ ਚੀਕਦਿਆਂ ਕਿਹਾ
"ਹਾਏ ! ਬਾਪੂ ਜੀ।" ਕੰਡਾ ਚੁਭਦਿਆਂ ਹੀ ਹਰਮੀਤ ਨੇ ਚੀਕਦਿਆਂ ਕਿਹਾ ।

15. ਹਾਏ ਕਿੰਨੇ ਸੋਹਣੇ ਫੁੱਲ ਲੱਗੇ ਹਨ ਇਕ ਮੁੰਡੇ ਨੇ ਦੂਜੇ ਨੂੰ ਅਖਿਆ
" ਹਾਏ! ਕਿੰਨੇ ਸੋਹਣੇ ਫੁੱਲ ਲੱਗੇ ਹਨ!" ਇੱਕ ਮੁੰਡੇ ਨੇ ਦੂਜੇ ਨੂੰ ਅਖਿਆ ।

16. ਮਾਂ ਨੇ ਪੁੱਛਿਆ ਕੁੜੀਏ ਰੋਟੀ ਟੁੱਕ ਤਿਆਰ ਕਰਨ ਚ ਹੋਰ ਕਿੰਨਾ ਸਮਾਂ ਲੱਗੇਗਾ
ਮਾਂ ਨੇ ਪੁੱਛਿਆ, "ਕੁੜੀਏ, ਰੋਟੀ-ਟੁੱਕ ਤਿਆਰ ਕਰਨ 'ਚ ਕਿੰਨਾ ਹੋਰ ਸਮਾਂ ਲੱਗੇਗਾ?"

17.ਗੀਤਾ ਨੇ ਸੀਤਾ ਨੂੰ ਪੁੱਛਿਆ ਭੈਣੇ ਗੰਢੇ ਆਲੂ ਤੇ ਟਮਾਟਰ ਕਿਸ ਭਾਅ ਖ਼ਰੀਦੇ ਨੇ
ਗੀਤਾ ਨੇ ਸੀਤਾ ਨੂੰ ਪੁੱਛਿਆ, "ਭੈਣੇ! ਗੰਢੇ,ਆਲੂ ਤੇ ਟਮਾਟਰ ਕਿਸ ਭਾਅ ਖ਼ਰੀਦੇ ਨੇ?"

18.ਹਾਇ ਮੇਰੀਆਂ ਸਾਰੀਆਂ ਆਸਾਂ ਤੇ ਪਾਣੀ ਫਿਰ ਗਿਆ
"ਹਾਇ ! ਮੇਰੀਆਂ ਸਾਰੀਆਂ ਆਸਾਂ 'ਤੇ ਪਾਣੀ ਫਿਰ ਗਿਆ।"

19. ਅੱਛਾ ਤੇਰੇ ਮਾਤਾ ਜੀ ਵੀ ਐਮ ਏ ਹਨ
ਅੱਛਾ! ਤੇਰੇ ਮਾਤਾ ਜੀ ਵੀ ਐਮ.ਏ.ਹਨ।

20.ਤੂੰ ਸਕੂਲ ਵਿੱਚੋਂ ਪਹਿਲੇ ਨੰਬਰ ਤੇ ਹੈਂ ਪਰ ਡਵੀਜ਼ਨ ਦੂਜੀ ਹੀ ਹੈ
"ਤੂੰ ਸਕੂਲ ਵਿੱਚੋਂ ਪਹਿਲੇ ਨੰਬਰ 'ਤੇ ਹੈਂ ਪਰ ਡਵੀਜ਼ਨ ਦੂਜੀ ਹੀ ਹੈ।"

21.ਇੰਨੀ ਕੁ ਤਨਖ਼ਾਹ ਨਾਲ ਅੱਜ ਦੀ ਮਹਿੰਗਾਈ ਵਿੱਚ ਗੁਜ਼ਾਰਾ ਕਰਨਾ ਬਹੁਤ ਔਖਾ ਹੈ
ਇੰਨੀ ਕੁ ਤਨਖ਼ਾਹ ਨਾਲ,ਅੱਜ ਦੀ ਮਹਿੰਗਾਈ ਵਿੱਚ ,ਗੁਜ਼ਾਰਾ ਕਰਨਾ ਬਹੁਤ ਔਖਾ ਹੈ।